ਨਸ਼ਿਆਂ ਅਤੇ ਪਦਾਰਥਾਂ ਦੀ ਦੁਰਵਰਤੋਂ ਬਾਰੇ ਨੀਤੀ

ਮੂਲ ਕਾਰਣ

ਸਾਡੇ ਸਕੂਲ ਦੇ ਕਾਰਜ ਉਦੇਸ਼ ਦਾ ਬਿਆਨ ਸਾਨੂੰ ਸਕੂਲ ਵਿੱਚ ਸੁਰੱਖਿਅਤ ਅਤੇ ਦੇਖਰੇਖ ਭਰੇ ਮਾਹੌਲ ਦਾ ਨਿਰਮਾਣ ਕਰਨ ਅਤੇ ਇਸਦੀ ਸਾਂਭ-ਸੰਭਾਲ ਪ੍ਰਤੀ ਵਚਨਬੱਧ ਕਰਦਾ ਹੈ। ਇਸ ਜ਼ਿੰਮੇਵਾਰੀ ਦਾ ਹਿੱਸਾ ਨਸ਼ਿਆਂ ਦੀ ਸਿੱਖਿਆ ਦਾ ਇੱਕ ਕਾਰਗਰ ਪ੍ਰੋਗਰਾਮ ਹੈ। ਨਸ਼ੀਲੀਆਂ ਦਵਾਈਆਂ ਦੀ ਸਿੱਖਿਆ ਦਾ ਸਾਡੇ ਪ੍ਰੋਗਰਾਮ ਦਾ ਟੀਚਾ ਨਸ਼ਿਆਂ, ਅਤੇ ਹੋਰਨਾਂ ਪਦਾਰਥਾਂ ਦੇ ਭਾਵਨਾਤਮਕ, ਸਰੀਰਕ ਅਤੇ ਸਮਾਜਿਕ ਭਲਾਈ 'ਤੇ ਪ੍ਰਭਾਵਾਂ ਬਾਰੇ ਵਿਦਿਆਰਥੀਆਂ ਦੀ ਜਾਗਰੂਕਤਾ ਨੂੰ ਵਧਾਉਣਾ ਹੈ। ਇਸ ਸੰਦਰਭ ਵਿੱਚ ''ਨਸ਼ਿਆਂ'' ਕਿਸੇ ਵੀ ਅਜਿਹੇ ਪਦਾਰਥ ਲਈ ਵਰਤਿਆ ਗਿਆ ਸ਼ਬਦ ਹੈ ਜੋ ਸਰੀਰ ਵਿੱਚ ਜਾ ਕੇ ਇਸਦੇ ਕੰਮ ਕਰਨ ਦੇ ਢੰਗ ਨੂੰ ਬਦਲਦਾ ਹੈ।

ਉਦੇਸ਼

ਸਕੂਲ ਵਿੱਚ ਅਸੀਂ ਨਸ਼ਿਆਂ ਦੀ ਵਰਤੋਂ ਅਤੇ ਪਦਾਰਥਾਂ ਦੀ ਦੁਰਵਰਤੋਂ ਨਾਲ ਜੁੜੇ ਸਿਹਤ ਸਬੰਧੀ ਜੋਖਮਾਂ ਬਾਰੇ ਵਿਦਿਆਰਥੀਆਂ ਦੀ ਜਾਗਰੂਕਤਾ ਵਧਾਉਣ ਅਤੇ ਸਮਕਾਲੀ ਸਮਾਜ ਵਿੱਚ ਲਗਾਤਾਰ ਵਧਦੇ ਨਸ਼ਿਆਂ ਦਵਾਈਆਂ ਦੇ ਸਭਿਆਚਾਰ ਨੂੰ ਨਕਾਰਨ ਦੀ ਵਿਦਿਆਰਥੀਆਂ ਦੀ ਯੋਗਤਾ ਨੂੰ ਵਿਕਸਿਤ ਕਰਨ ਦੇ ਜਤਨ ਕਰਦੇ ਹਾਂ। ਸਾਡੀ ਸਕੂਲ ਦੀ ਨਸ਼ਿਆਂ ਅਤੇ ਪਦਾਰਥਾਂ ਦੀ ਦੁਰਵਰਤੋਂ ਬਾਰੇ ਨੀਤੀ ਦਾ ਟੀਚਾ ਇਹ ਹੈ:

- ਇਹ ਯਕੀਨੀ ਬਣਾਉਣਾ ਕਿ ਵਿਦਿਆਰਥੀਆਂ ਦੀ ਭਲਾਈ ਹਰ ਸਮੇਂ ਸਭ ਤੋਂ ਅਹਿਮ ਹੋਵੇ
- ਵਿਦਿਆਰਥੀਆਂ ਨੂੰ ਆਪਣੀ ਜਾਣਕਾਰੀ ਵਧਾ ਕੇ, ਦ੍ਰਿਸ਼ਟੀਕੋਣਾਂ ਅਤੇ ਕਦਰਾਂ ਨੂੰ ਚੁਣੌਤੀ ਦੇ ਕੇ ਅਤੇ ਵਿਅਕਤੀਗਤ ਅਤੇ ਸਮਾਜਿਕ ਹੁਨਰਾਂ ਨੂੰ ਵਿਕਸਿਤ ਕਰਕੇ ਅਤੇ ਉਹਨਾਂ 'ਤੇ ਅਮਲ ਕਰਕੇ ਸਿਹਤਮੰਦ, ਸੂਚਿਤ ਫੈਸਲੇ ਕਰਨ ਯੋਗ ਬਣਾਉਣਾ
- ਵਿਦਿਆਰਥੀਆਂ ਨੂੰ ਨਸ਼ਿਆਂ ਅਤੇ ਹੋਰ ਪਦਾਰਥਾਂ ਬਾਰੇ ਸਟੀਕ ਜਾਣਕਾਰੀ ਮੁਹੱਈਆ ਕਰਨਾ
- ਨਸ਼ਿਆਂ ਦੀ ਵਰਤੋਂ ਅਤੇ ਪਦਾਰਥਾਂ ਦੀ ਦੁਰਵਰਤੋਂ ਨਾਲ ਸਬੰਧਤ ਸਿਹਤ ਅਤੇ ਸਮਾਜਿਕ ਮੁੱਦਿਆਂ ਦੀ ਵਿਦਿਆਰਥੀਆਂ ਦੀ ਸਮਝ ਨੂੰ ਵਧਾਉਣਾ।
- ਵਿਦਿਆਰਥੀਆਂ ਨੂੰ, ਜੇ ਲੋੜ ਪਏ ਤਾਂ ਢੁੱਕਵੀਂ ਸਹਾਇਤਾਂ ਦੇ ਸਰੋਤਾਂ ਦੀ ਪਛਾਣ ਕਰਨ ਦੇ ਸਮਰੱਥ ਬਣਾਉਣਾ।

ਦਿਸ਼ਾ-ਨਿਰਦੇਸ਼

- ਸਾਰੇ ਪਾਠਕ੍ਰਮ ਖੇਤਰ ਨਸ਼ਿਆਂ ਦੀ ਵਰਤੋਂ ਅਤੇ ਪਦਾਰਥਾਂ ਦੀ ਦੁਰਵਰਤੋਂ ਨਾਲ ਜੁੜੇ ਸਿਹਤ ਸਬੰਧੀ ਜੋਖਮਾਂ ਬਾਰੇ ਵਿਦਿਆਰਥੀਆਂ ਦੀ ਜਾਗਰੂਕਤਾ ਨੂੰ ਵਧਾਉਣ ਵਿੱਚ ਯੋਗਦਾਨ ਦਿੰਦੇ ਹਨ।
- ਸਾਰੇ ਸਟਾਫ਼ ਨੂੰ ਨਸ਼ਿਆਂ ਦੀ ਵਰਤੋਂ ਅਤੇ ਪਦਾਰਥਾਂ ਦੀ ਦੁਰਵਰਤੋਂ ਦੇ ਚਿੰਨ੍ਹਾਂ ਅਤੇ ਲੱਛਣਾਂ ਅਤੇ ਇਹਨਾਂ ਨਾਲ ਜੁੜੀਆਂ ਸਮੱਸਿਆਵਾਂ ਬਾਰੇ ਜਾਗਰੂਕ ਕੀਤਾ ਜਾਂਦਾ ਹੈ।
- ਨਸ਼ਿਆਂ ਦੀ ਵਰਤੋਂ ਅਤੇ ਪਦਾਰਥਾਂ ਦੀ ਦੁਰਵਰਤੋਂ 'ਤੇ ਬਾਕਾਇਦਾ ਸਟਾਫ਼ ਨੂੰ ਤਾਜ਼ਾ ਜਾਣਕਾਰੀ ਦੇਣ ਦੇ ਮੌਕੇ ਤਿਆਰ ਕੀਤੇ ਜਾਂਦੇ ਹਨ।
- ਮਾਤਾ-ਪਿਤਾ ਨੂੰ, ਜਿਵੇਂ ਉਚਿੱਤ ਹੋਵੇ, ਸਬੰਧਤ ਜਾਣਕਾਰੀ ਮੁਹੱਈਆ ਕਰਾਈ ਜਾਂਦੀ ਹੈ।
- ਸਕੂਲ ਸਲਾਹ ਅਤੇ ਸਹਾਇਤਾ ਮੰਗਣ ਲਈ ਬਾਹਰੀ ਏਜੰਸੀਆਂ ਨਾਲ ਕੰਮ ਕਰਦਾ ਹੈ।
- ਵਿਦਿਆਰਥੀਆਂ ਨੂੰ ਸਕੂਲ ਵਿੱਚ ਅਤੇ ਸਕੂਲ ਦੇ ਕਿਸੇ ਦੌਰੇ/ਗਤੀਵਿਧੀ ਵਿੱਚ ਗੈਰ-ਕਨੂੰਨੀ ਪਦਾਰਥ ਲਿਆਉਣ (ਸਿਗਰਟਾਂ ਅਤੇ ਸ਼ਰਾਬ ਸਮੇਤ) ਤੋਂ ਮਨ੍ਹਾਂ ਕੀਤਾ ਜਾਂਦਾ ਹੈ।
- ਸਕੂਲ ਵਿੱਚ ਧੂਮਰਪਾਨ ਮੁਕਤ ਵਾਤਾਵਰਣ ਹੈ।
- ਜੇ ਕੋਈ ਵਿਦਿਆਰਥੀ ਸਕੂਲ ਵਿੱਚ ਜਾਂ ਸਕੂਲ ਦੀ ਵਰਦੀ ਵਿੱਚ ਧੂਮਰਪਾਨ ਕਰਦਾ ਹੋਇਆ ਮਿਲਦਾ ਹੈ ਤਾਂ ਉਸ ਬਾਰੇ ਸਕੂਲ ਨੂੰ ਸੂਚਿਤ ਕੀਤਾ ਜਾਣਾ ਚਾਹੀਦਾ ਹੈ। ਉਸ ਵਿਦਿਆਰਥੀ ਉੱਤੇ ਸਕੂਲ ਦੀਆਂ ਅਨੁਸ਼ਾਸਕੀ ਕਾਰਵਾਈਆਂ ਕੀਤੀਆਂ ਜਾਣਗੀਆਂ ਅਤੇ ਮਾਪਿਆਂ/ਸਰਪਰਸਤਾਂ ਨੂੰ ਮਾਮਲੇ ਬਾਰੇ ਸੂਚਿਤ ਕੀਤਾ ਜਾਵੇਗਾ।
- ਧੂਮਰਪਾਨ ਤੋਂ ਇਲਾਵਾ, ਪਦਾਰਥਾਂ ਦੀ ਦੁਰਵਰਤੋਂ ਦੀ ਘਟਨਾ ਵਿੱਚ, ਸ਼ਾਮਲ ਵਿਦਿਆਰਥੀ(ਆਂ) ਬਾਰੇ ਤੁਰੰਤ ਸੀਨੀਅਰ ਮੈਨੇਜਮੈਂਟ ਟੀਮ ਦੇ ਕਿਸੇ ਮੈਂਬਰ ਨੂੰ ਹਵਾਲਾ ਦਿੱਤਾ ਜਾਣਾ ਚਾਹੀਦਾ ਹੈ, ਜੋਕਿ ਉਚਿਤਤਾ ਮੁਤਾਬਕ ਹੇਠਾਂ ਦਿੱਤੀਆਂ ਕਾਰਵਾਈਆਂ ਕਰੇਗਾ:
    - ਜੇ ਜ਼ਰੂਰੀ ਸਮਝਿਆ ਤਾਂ ਡਾਕਟਰੀ ਸਲਾਹ ਲਏਗਾ
    - ਮਾਪਿਆਂ ਨੂੰ ਸੂਚਿਤ ਕਰੇਗਾ

    - ਜੇ ਜ਼ਰੂਰੀ ਸਮਝਿਆ ਤਾਂ ਵਿਦਿਆਰਥੀ ਨੂੰ ਘਰ ਭੇਜੇਗਾ
- ਕੋਈ ਵਿਦਿਆਰਥੀ ਜੋ ਨਸ਼ਿਆਂ ਦੀ ਵਰਤੋਂ/ਪਦਾਰਥਾਂ ਦੀ ਦੁਰਵਰਤੋਂ ਦੀ ਕਿਸੇ ਘਟਨਾ ਵਿੱਚ ਸ਼ਾਮਲ ਰਿਹਾ ਹੈ, ਉਸ ਉੱਤੇ ਸਬੰਧਤ ਅਧਿਆਪਕ ਦੁਆਰਾ ਨਿਗਰਾਨੀ ਕੀਤੀ ਜਾਵੇਗੀ ਅਤੇ ਸ਼ਾਇਦ ਉਸ ਬਾਰੇ ਕਾਊਂਸਿਲਰ ਨੂੰ ਹਵਾਲਾ ਦਿੱਤਾ ਜਾਵੇ।
- ਜੇ ਕਿਸੇ ਵਿਦਿਆਰਥੀ 'ਤੇ ਨਸ਼ਿਆਂ ਦੀ ਵਰਤੋਂ ਕਰਨ ਜਾਂ ਤਸਕਰੀ ਕਰਨ ਦਾ ਸ਼ੱਕ ਹੁੰਦਾ ਹੈ ਤਾਂ ਮਾਮਲੇ ਦਾ ਹਵਾਲਾ ਪ੍ਰਿੰਸੀਪਲ ਅਤੇ ਬੋਰਡ ਆਫ਼ ਗਵਰਨਰਜ਼ ਨੂੰ ਦਿੱਤਾ ਜਾਵੇਗਾ। ਵਧੇਰੇ ਗੰਭੀਰ ਮਾਮਲਿਆਂ ਵਿੱਚ, ਸਬੰਧਤ ਵਿਦਿਆਰਥੀ(ਆਂ) ਨੂੰ ਸਕੂਲ ਤੋਂ ਕੱਢਿਆ ਜਾ ਸਕਦਾ ਹੈ।
- ਸਕੂਲ ਗੈਰ-ਕਨੂੰਨੀ ਦਵਾਈਆਂ ਵਾਲੇ ਕੇਸਾਂ ਬਾਰੇ ਪੁਲੀਸ ਸਰਵਿਸ ਆਫ਼ ਨੌਰਦਰਨ ਆਇਰਲੈਂਡ ਨੂੰ ਸੂਚਿਤ ਕਰਨ ਲਈ ਆਪਣੀ ਕਨੂੰਨੀ ਜ਼ਿਮੇਵਾਰੀ ਪੂਰੀ ਕਰੇਗਾ।
- ਨਸ਼ਿਆਂ ਅਤੇ ਹੋਰ ਪਦਾਰਥਾਂ ਦੀ ਵਰਤੋਂ ਬਾਰੇ ਮਾਹਿਰ ਸਲਾਹ ਦੀ ਉਪਲਬਧਤਾ 'ਤੇ ਮਾਪਿਆਂ ਅਤੇ ਵਿਦਿਆਰਥੀਆਂ ਨੂੰ ਸੇਧ ਪ੍ਰਦਾਨ ਕੀਤੀ ਜਾਵੇਗੀ।